# ਸਰੀ ਵਿੱਚ 15 ਮਾਰਚ ਨੂੰ ਹੋਣ ਵਾਲੀ ਬੀਸੀ ਜੂਨੋਸ ਪਲਾਜ਼ਾ ਪਾਰਟੀ ਦੇ ਵੇਰਵੇ ਜ਼ਾਰੀ

## ਇੱਕ ਰੋਜ਼ਾ ਮੁਫ਼ਤ ਸੰਗੀਤ ਫੈਸਟੀਵਲ ਵਿੱਚ 6 ਸਟੇਜਾਂ 'ਤੇ 30 ਤੋਂ ਵੱਧ ਕਲਾਕਾਰ ਸ਼ਾਮਲ ਹੋਣਗੇ

*ਤੁਰੰਤ ਰਿਲੀਜ਼ : 3 ਮਾਰਚ, 2025*

**ਸਰੀ, ਬੀ.ਸੀ.** - ਸਰੀ ਸ਼ਹਿਰ ਨੂੰ ਲੈਟਸ ਹੀਅਰ ਇਟ ਬੀਸੀ ਜੂਨੋਸ ਪਲਾਜ਼ਾ ਪਾਰਟੀ (Let's Hear It BC JUNOS Plaza Party ) ਦੇ ਵੇਰਵੇ ਐਲਾਨਣ ਤੇ ਮਾਣ ਹੈ। ਇਹ ਮੁਫ਼ਤ, ਇਕ-ਰੋਜ਼ਾ ਮਿਊਜ਼ਿਕ ਫੈਸਟੀਵਲ 15 ਮਾਰਚ (ਸ਼ਨੀਵਾਰ) ਨੂੰ ਦੁਪਹਿਰ 2 ਤੋਂ ਰਾਤ 10 ਤੱਕ ਵਜੇ ਹੋਵੇਗਾ, ਜੋ ਜੂਨੋਜ਼ ਦੀ ਰੂਹ ਨੂੰ ਸਰੀ ਵਿੱਚ ਲਿਆਵੇਗਾ। ਫੈਸਟੀਵਲ ਵਿੱਚ 6 ਵੱਖ-ਵੱਖ ਸਟੇਜਾਂ 'ਤੇ 30 ਤੋਂ ਵੱਧ ਕਲਾਕਾਰ ਸ਼ਾਮਲ ਹੋਣਗੇ, ਜਿਨ੍ਹਾਂ ਵਿੱਚ ਜੂਨੋ ਨੋਮੀਨੀ ਟਾਈਲਰ ਜੋ ਮਿੱਲਰ, ਚੰਨੀ ਨੱਤਣ, ਇੰਦਰਪਾਲ ਮੋਗਾ ਅਤੇ ਸਰਬਜੀਤ ਚੀਮਾ ਸ਼ਾਮਲ ਹਨ। ਇਸ ਤੋਂ ਇਲਾਵਾ, ਸ਼ਾਨੀ ਕਿਸ਼, ਬ੍ਰਾਸ ਕੈਮਲ, ਲੂਕਾ ਫੋਗਲੇ, ਫਿਓਨ, ਏਮਪਾਨਾਡਾਸ ਇਲੇਗੇਲੇਸ, ਅਤੇ ਗਿਨਾਲੀਨਾ ਵੀ ਆਪਣੀ ਪੇਸ਼ਕਾਰੀ ਨਾਲ ਦਰਸ਼ਕਾਂ ਦਾ ਮਨ ਮੋਹਣਗੇ। ਇਸ ਤੋਂ ਇਲਾਵਾ ਹਾਜ਼ਰੀਨ ਸੰਗੀਤ ਸਿਟੀ ਸੈਂਟਰ ਅਤੇ 5X ਆਰਟ ਪਾਰਟੀ ਦੇ ਨਾਲ ਇੱਕ ਖੁੱਲ੍ਹੇ ਮਨੋਰੰਜਕ ਮਾਹੌਲ ਵਿੱਚ ਪਰਿਵਾਰਕ ਪ੍ਰੋਗਰਾਮਿੰਗ, ਭੋਜਨ ਟਰੱਕਾਂ ਅਤੇ ਇੱਕ ਲਾਇਸੰਸਸ਼ੁਦਾ ਖੇਤਰ ਦਾ ਅਨੰਦ ਵੀ ਲੈ ਸਕਣਗੇ ।

**ਮੁੱਖ ਸਟੇਜ 'ਤੇ ਚੋਟੀ ਦੇ ਕਲਾਕਾਰਾਂ ਨੂੰ ਸੁਣਨ ਦਾ ਮੌਕਾ ਮਿਲੇਗਾ, ਜਿਸ ਵਿੱਚ:**

- ਟਾਈਲਰ ਜੋ ਮਿਲਰ- ਸਰੀ ਤੋਂ ਦੋ ਵਾਰ ਜੂਨੋ ਪੁਰਸਕਾਰ ਲਈ ਨਾਮਜ਼ਦ ਕੰਟਰੀ ਸਟਾਰ ਹਨ;
- ਚੰਨੀ ਨੱਤਣ ਅਤੇ ਇੰਦਰਪਾਲ ਮੋਗਾ, ਜਿਨ੍ਹਾਂ ਨੂੰ ਪਹਿਲੀ ਵਾਰ ਦੱਖਣੀ ਏਸ਼ੀਆਈ ਰਿਕਾਰਡਿੰਗ ਆਫ ਦਿ ਈਅਰ ਜੂਨੋ ਅਵਾਰਡ ਸ਼੍ਰੇਣੀ ਲਈ ਨਾਮਜ਼ਦ ਕੀਤਾ ਗਿਆ ਹੈ;
- ਸਰਬਜੀਤ ਚੀਮਾ, ਪੰਜਾਬੀ ਸੰਗੀਤ ਦੀ ਇੱਕ ਪ੍ਰਸਿੱਧ ਸ਼ਖਸੀਅਤ;
- ਇਸ ਤੋਂ ਇਲਾਵਾ,ਮੁੱਖ ਸਟੇਜ 'ਤੇ ਪੁਰਸਕਾਰ ਜੇਤੂ ਸ਼ਾਨੀ ਕਿਸ਼ – ਮੋਹਾਕ ਗਾਇਕ, ਜੋ 2022 ਦੀ Contemporary Indigenous Artist of the Year ਜੂਨੋ ਅਵਾਰਡ ਦੇ ਨਾਮਜ਼ਦ ਸੀ;
- ਬ੍ਰਾਸ ਕੈਮਲ – ਵੈਨਕੂਵਰ ਦੀ ਇੱਕ ਰੌਕ-ਫੰਕ-ਪ੍ਰੋਗਰੈਸੀਵ ਬੈਂਡ;
- ਫਿਓਨ – ਇੰਡੀ-ਪੌਪ ਡਿਓ;
- ਏਮਪਾਨਾਡਾਸ ਇਲੇਗੇਲੇਸ – ਲਾਤੀਨੀ, ਪੰਕ ਅਤੇ ਐਕਸਪੇਰੀਮੈਂਟਲ ਮਿਊਜ਼ਿਕ ਦਾ ਜੋੜ;
- ਲਵ ਰੰਧਾਵਾ – ਭੰਗੜਾ, ਬੌਲੀਵੁੱਡ ਅਤੇ ਪੱਛਮੀ ਸੰਗੀਤ ਦਾ ਸੁਮੇਲ;

**ਕਮਿਊਨਟੀ ਸਟੇਜ 'ਤੇ ਮੁੱਖ ਕਲਾਕਾਰ ਹੋਣਗੇ:**

- ਬਰਨਬੀ ਦੇ ਰਹਿਣ ਵਾਲੇ ਲੂਕਾ ਫੋਗਲੇ – ਫੋਕ-ਪੌਪ ਗਾਇਕ, 2020 'ਚ ਪਰਿਵਾਰਕ Adult Contemporary Album of the Year ਜੂਨੋ ਨੋਮੀਨੀ;
- ਗਿਨਾਲੀਨਾ – ਚਾਰ ਵਾਰ ਜੂਨੋ ਨੋਮੀਨੀ, ਅਤੇ ਪੰਜ ਵਾਰ "ਕੈਨੇਡੀਅਨ ਫੋਕ ਮਿਊਜ਼ਿਕ ਅਵਾਰਡ" ਨੋਮੀਨੀ।

**ਪਰਿਵਾਰਕ ਗਤੀਵਿਧੀਆਂ ਵਿੱਚ ਕਈ ਹੋਰ ਆਕਰਸ਼ਿਤ ਪੇਸ਼ਕਾਰੀਆਂ ਵੀ ਹੋਣਗੀਆਂ, ਜਿਵੇਂ ਕਿ:**

- ਮਿਊਜ਼ਿਕ ਸਿਟੀ ਸੈਂਟਰ ਵਲੋਂ ਓਪਨ ਜੈਮ – ਸ਼ੋਅ 'ਚ ਜਿੱਥੇ ਕਈ ਤਰ੍ਹਾਂ ਦੇ ਯੰਤਰ ਵਜਾ ਸਕਦੇ ਹੋ ਅਤੇ ਸਾਥੀ ਸੰਗੀਤ ਪ੍ਰੇਮੀਆਂ ਨਾਲ ਸਹਿਯੋਗ ਕਰ ਸਕਦੇ ਹੋ;
- 5X ਆਰਟ ਪਾਰਟੀ – ਸਰੀ ਦੇ ਵਿਲੱਖਣ ਕਲਚਰਲ ਨੂੰ ਦਰਸ਼ਾਉਂਦਾ ਮਨੋਰੰਜਨ ਅਤੇ ਫੋਟੋ-ਬੂਥ;
- ਡਾਊਨਟਾਊਨ ਸਰੀ BIA ਵਲੋਂ ਪੇਸ਼ਕਸ਼ ,ਮੁਫਤ ਸ਼ਿਲਪਕਾਰੀ ਅਤੇ ਚਿਹਰੇ ਦੀ ਪੇਂਟਿੰਗ ਦਾ ਅਨੰਦ ਲੈ ਸਕਦੇ ਹਨ।

ਲੈਟਸ ਹੇਅਰ ਇਟ ਬੀਸੀ ਜੂਨੋਜ਼ ਪਲਾਜ਼ਾ ਪਾਰਟੀ ਇੱਕ ਬਹੁਤ ਵਧੀਆ ਸੰਗੀਤ ਅਤੇ ਕਮਿਊਨਟੀ ਫੈਸਟੀਵਲ ਤਿਉਹਾਰ ਹੋਵੇਗਾ, ਜਿੱਥੇ ਰਾਸ਼ਟਰੀ ਅਤੇ ਸਥਾਨਕ ਕਲਾਕਾਰ ਵੱਖ-ਵੱਖ ਸੰਗੀਤ ਸ਼ੈਲੀਆਂ ਵਿੱਚ ਆਪਣੀ ਕਲਾ ਵਿਖਾਉਣਗੇ। ਸਰੀ Let's Hear It BC JUNO Tour ਵਿੱਚ ਸ਼ਾਮਲ 6 ਸ਼ਹਿਰਾਂ ਵਿੱਚੋਂ ਇੱਕ ਹੈ। ਇਸਦਾ ਮਕਸਦ 30 ਮਾਰਚ ਨੂੰ ਰੋਜਰਜ਼ ਐਰੀਨਾ, ਵੈਨਕੂਵਰ ਵਿੱਚ ਹੋਣ ਜਾ ਰਹੇ JUNO Awards ਤੋਂ ਪਹਿਲਾਂ ਸੂਬੇ ਭਰ ਵਿੱਚ ਜੂਨੋਜ਼ ਦੇ ਉਤਸ਼ਾਹ ਪਹੁੰਚਾਉਣਾ ਸੀ।

ਪੂਰੇ ਵੇਰਵੇ ਦੇਖਣ ਲਈ surrey.ca/junosplazaparty 'ਤੇ ਜਾਓ।

-30-

**ਮੀਡੀਆ ਇਨਕੁਆਇਰੀ :**

ਪ੍ਰਭਜੋਤ ਕਾਹਲੋਂ

ਮਲਟੀਕਲਚਰਲ ਮੀਡੀਆ ਰੀਲੈਸ਼ਨਜ ਲੀਡ

ਸਿਟੀ ਆਫ਼ ਸਰੀ

prabhjot.kahlon@surrey.ca
C :236-878-6263